**ਪੂਜਨੀਕ ਦਲਾਈ ਲਾਮਾ ਦੇ ਹਾਲੀਆ ਬਿਆਨ ਸੰਬੰਧੀ ਮੀਡੀਆ ਦੇ ਸਵਾਲਾਂ 'ਤੇ ਸਰਕਾਰੀ ਬੁਲਾਰੇ ਦਾ ਜਵਾਬ**

04 ਜੁਲਾਈ 2025

ਪੂਜਨੀਕ ਦਲਾਈ ਲਾਮਾ ਦੇ ਹਾਲੀਆ ਬਿਆਨ ਸੰਬੰਧੀ ਮੀਡੀਆ ਦੇ ਸਵਾਲਾਂ ਦੇ ਜਵਾਬ ਵਿੱਚ, ਅਧਿਕਾਰਤ ਬੁਲਾਰੇ, ਸ਼੍ਰੀ ਰਣਧੀਰ ਜੈਸਵਾਲ ਨੇ ਕਿਹਾ:

ਅਸੀਂ ਦਲਾਈ ਲਾਮਾ ਸੰਸਥਾ ਦੀ ਨਿਰੰਤਰਤਾ ਬਾਰੇ ਪੂਜਨੀਕ ਦਲਾਈ ਲਾਮਾ ਵਲੋਂ ਦਿੱਤੇ ਗਏ ਬਿਆਨ ਨਾਲ ਸਬੰਧਤ ਰਿਪੋਰਟਾਂ ਦੇਖੀਆਂ ਹਨ।

ਭਾਰਤ ਸਰਕਾਰ ਆਸਥਾ ਅਤੇ ਧਰਮ ਦੀਆਂ ਮਾਨਤਾਵਾਂ ਅਤੇ ਰਿਵਾਇਤਾਂ ਨਾਲ ਸੰਬੰਧਿਤ ਮਾਮਲਿਆਂ 'ਤੇ ਕੋਈ ਰੁਖ ਨਹੀਂ ਅਪਣਾਉਂਦੀ ਅਤੇ ਨਾ ਹੀ ਇਸ ਬਾਰੇ ਕੁਝ ਕਹਿੰਦੀ ਹੈ।

ਸਰਕਾਰ ਨੇ ਹਮੇਸ਼ਾ ਭਾਰਤ ਵਿੱਚ ਸਾਰਿਆਂ ਲਈ ਧਾਰਮਿਕ ਆਜ਼ਾਦੀ ਨੂੰ ਬਰਕਰਾਰ ਰੱਖਿਆ ਹੈ ਅਤੇ ਇਹ ਜਾਰੀ ਰਹੇਗੀ।

ਨਵੀਂ ਦਿੱਲੀ

04 ਜੁਲਾਈ 2025